ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509

 (Page 158 to 166)

# 16ਵੀਂ ਸਦੀ ਦੀ ਪੰਜਾਬੀ ਵਾਰਤਕ ਦਾ ਭਾਸ਼ਾਈ ਅਧਿਐਨ
## (ਪੁਰਾਤਨ ਜਨਮਸਾਖੀ ਦੇ ਸੰਦਰਭ ਵਿਚ)



ਡਾ. ਨਵਜੋਤ ਕੌਰ
+91 84376-24386

ਕਿਸੇ ਵੀ ਭਾਸ਼ਾ ਦੇ ਇਤਿਹਾਸ ਵਿਕਾਸ ਨੂੰ ਸਮਝਣ ਦਾ ਸਭ ਤੋਂ ਮਹੱਤਵਪੂਰਨ ਸਾਧਨ ਉਸ ਭਾਸ਼ਾ ਵਿਚ ਰਚਿਆ ਗਿਆ ਸਾਹਿਤ ਹੈ। ਸਾਹਿਤ ਸਮਕਾਲੀਨ ਭਾਸ਼ਾਈ ਰੂਪਾਂ ਨੂੰ ਇੱਕ ਦਸਤਾਵੇਜ਼ ਵਜੋਂ ਸਾਂਭ ਲੈਂਦਾ ਹੈ। ਸਬੰਧਿਤ ਖੋਜ-ਪੱਤਰ ਦਾ ਵਿਸ਼ਾ "16ਵੀਂ ਸਦੀ ਦੀ ਵਾਰਤਕ ਦਾ ਭਾਸ਼ਾਈ ਅਧਿਐਨ" ਹੈ। 16ਵੀਂ ਸਦੀ ਦੀ ਪੰਜਾਬੀ ਭਾਸ਼ਾ ਦੀ ਸਥਿਤੀ ਜਾਂ ਰੂਪ ਨੂੰ ਵਿਸ਼ਲੇਸ਼ਿਤ ਕਰਨ ਹਿੱਤ 'ਪੁਰਾਤਨ ਜਨਮਸਾਖੀ' ਨੂੰ ਆਧਾਰ ਬਣਾਇਆ ਗਿਆ ਹੈ। ਪੰਜਾਬੀ ਭਾਸ਼ਾ ਵਿਚ ਵਾਰਤਕ ਸਾਹਿਤ ਦਾ ਆਰੰਭ ਜਨਮਸਾਖੀ ਸਾਹਿਤ ਨਾਲ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਪੰਜਾਬੀ ਵਾਰਤਕ ਸਾਹਿਤ ਦੀ ਆਧਾਰਸ਼ਿਲਾ ਜਨਮਸਾਖੀ ਸਾਹਿਤ ਹੈ। ਸਾਧਾਰਨ ਸ਼ਬਦਾਂ ਵਿਚ ਜਨਮਸਾਖੀ ਤੋਂ ਭਾਵ ਅਜਿਹਾ ਸਾਹਿਤ ਹੈ ਜੋ ਸਿੱਖ ਗੁਰੂਆਂ ਦੇ ਜਨਮ, ਜੀਵਨ ਨਾਲ ਸਬੰਧਿਤ ਵੇਰਵਿਆਂ ਦਾ ਸੰਗ੍ਰਹਿ ਹੈ। 'ਪੁਰਾਤਨ ਜਨਮਸਾਖੀ' ਪਹਿਲੇ ਸਿੱਖ ਗੁਰੂ, ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਿਤ ਵਾਰਤਕ ਰਚਨਾ ਹੈ ਜੋ ਪੰਜਾਬੀ ਭਾਸ਼ਾ ਵਿਚ ਗੁਰਮੁਖੀ ਲਿਪੀ ਵਿਚ ਰਚੀ ਗਈ ਹੈ। ਵਰਤਮਾਨ ਸਮੇਂ ਹੋਈ ਖੋਜ ਮੁਤਾਬਿਕ 'ਪੁਰਾਤਨ ਜਨਮਸਾਖੀ' ਦਾ ਰਚਨਾ ਕਾਲ 1588 ਈ. ਮੰਨਿਆ ਗਿਆ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ "ਕੁੱਝ ਬਾਹਰਲੇ ਪ੍ਰਮਾਣਾਂ ਨੂੰ ਵਿਚਾਰ ਲੈਣਾ ਵੀ ਜ਼ਰੂਰੀ ਹੈ। ਮੈਕਾਲਿਫ (The Sikh Religion Vol.1, Introduction) ਨੇ ਇਸ ਜਨਮਸਾਖੀ ਦੇ ਉਲੇਖ-ਪ੍ਰਸੰਗਾਂ ਵਿਚ ਦੱਸਿਆ ਹੈ ਕਿ ਇਸ ਦੀਆਂ ਉਨ੍ਹਾਂ ਨੂੰ ਪ੍ਰਾਪਤ ਨਕਲਾਂ ਵਿਚ ਇੱਕ ਅਜਿਹੀ ਰਚਨਾ ਵੀ ਹੈ ਜੋ ਗੁਰੂ ਅਰਜਨ ਦੁਆਰਾ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਸੋਲ੍ਹਾਂ ਵਰ੍ਹੇ ਪਹਿਲਾਂ 1588 ਈ. (1645 ਬਿ.) ਵਿਚ ਲਿਖੀ ਗਈ ਸੀ ਅਤੇ ਜਿਸ ਦੇ ਅੱਖਰ ਹੁਣ ਤੱਕ ਉਪਲਬਧ ਗੁਰਮੁਖੀ ਲਿਖਤਾਂ ਨਾਲੋਂ ਅਧਿਕ ਪ੍ਰਾਚੀਨ ਹਨ। ਇਸ ਜਨਮਸਾਖੀ ਦੀ ਭਾਸ਼ਾ ਪੋਠੋਹਾਰ ਦੇ ਇਲਾਕੇ ਦੀ ਭਾਸ਼ਾ ਹੈ। ਇਹ ਪੋਠੋਹਾਰ ਦੇ ਸੇਵਾਦਾਸ ਦੁਆਰਾ ਸੰਨ 1588 ਈ. ਵਿਚ ਲਿਖੀ ਗਈ ਸੀ। ਸੇਵਾਦਾਸ ਰਚਿਤ ਜਨਮਸਾਖੀ ਦੀ ਮੌਜੂਦਗੀ ਵੱਲ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਸੰਕੇਤ ਕੀਤਾ ਹੈ। ਭਾਈ ਵੀਰ ਸਿੰਘ ਨੇ ਵੀ ਭਾਵੇਂ ਸੰਨ ਨਹੀਂ ਦਿੱਤਾ ਪਰ ਸੇਵਾਦਾਸ ਦੀ ਲਿਖੀ ਜਨਮਸਾਖੀ ਦੀ ਉਪਲਬਧੀ ਨੂੰ ਸਵੀਕਾਰ ਜ਼ਰੂਰ ਕੀਤਾ ਹੈ। ਇਸ ਸਾਰੇ ਵਿਸ਼ਲੇਸ਼ਣ ਤੋਂ ਬਾਅਦ ਸਰਲਤਾਪੂਰਵਕ ਇਸ ਨਿਰਣੇ ਤੇ ਪਹੁੰਚਿਆ ਜਾ ਸਕਦਾ ਹੈ ਕਿ 'ਪੁਰਾਤਨ ਜਨਮਸਾਖੀ' ਦੀ ਰਚਨਾ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ

ਸੋਲ੍ਹਾਂ ਵਰ੍ਹੇ ਪਹਿਲਾਂ ਅਤੇ ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ ਉਪਰ ਬੈਠਣ ਤੋਂ ਸੱਤ ਵਰ੍ਹੇ ਬਾਅਦ ਸੰਨ 1588 ਈ. (1645 ਬਿ.) ਵਿਚ ਹੋਈ ਸੀ।"[1]

ਉਪਰੋਕਤ ਕਥਨ 'ਪੁਰਾਤਨ ਜਨਮਸਾਖੀ' ਦੇ 16ਵੀਂ ਸਦੀ ਦੇ ਕਾਲ ਦੀ ਹੋਣ ਦੀ ਭਲੀਭਾਂਤ ਵਿਆਖਿਆ ਕਰਦਾ ਹੈ। ਸੰਬੰਧਤ ਖੋਜ-ਪੱਤਰ ਦੇ ਵਿਸ਼ੇ ਅਨੁਸਾਰ 16ਵੀਂ ਸਦੀ ਦੀ ਪੰਜਾਬੀ ਵਾਰਤਕ ਦੇ ਭਾਸ਼ਾਈ ਵਿਸ਼ਲੇਸ਼ਣ ਲਈ ਉਪਭਾਸ਼ਾਈ ਵਖਰੇਵਿਆਂ ਨੂੰ ਆਧਾਰ ਬਣਾਇਆ ਗਿਆ ਹੈ। ਉਪਭਾਸ਼ਾਈ ਪੱਧਰ ਦੇ ਵਿਆਕਰਨਕ ਅੰਸ਼ਾਂ ਦੇ ਨਿਖੇੜ ਰਾਹੀਂ ਰਚਨਾ ਵਿਚ ਪ੍ਰਾਪਤ ਵੱਖ-ਵੱਖ ਉਪਭਾਸ਼ਾਈ ਅੰਸ਼ਾਂ ਦੀ ਪਛਾਣ ਸਥਾਪਿਤ ਕੀਤੀ ਗਈ ਹੈ। ਸਬੰਧਿਤ ਖੋਜ-ਪੱਤਰ ਵਿਚ ਵਾਰਤਕ ਦੇ ਭਾਸ਼ਾਈ ਅਧਿਐਨ ਦਾ ਆਧਾਰ ਸ੍ਰੋਤ "ਪੁਰਾਤਨ ਜਨਮਸਾਖੀ (ਸੰਪਾਦਨ 2014) ਭਾਈ ਸਾਹਿਬ ਭਾਈ ਵੀਰ ਸਿੰਘ" ਨੂੰ ਬਣਾਇਆ ਗਿਆ ਹੈ। ਪੁਰਾਤਨ ਜਨਮਸਾਖੀ ਦਾ ਭਾਸ਼ਾਈ ਵਿਸ਼ਲੇਸ਼ਣ ਹੇਠ ਲਿਖੇ ਅਨੁਸਾਰ ਹੈ:— ਪੁਰਾਤਨ ਜਨਮਸਾਖੀ ਵਿਚ ਹਿੰਦਵੀ, ਪੱਛਮੀ ਪੰਜਾਬੀ ਦੀਆਂ ਉਪਭਾਸ਼ਾਵਾਂ ਮੁਲਤਾਨੀ, ਪੋਠੋਹਾਰੀ ਆਦਿ ਦੇ ਮਿਲੇ-ਜੁਲੇ ਰੂਪ ਪ੍ਰਾਪਤ ਹੁੰਦੇ ਹਨ। ਭਾਸ਼ਾਈ ਪੱਖ ਤੋਂ ਜੇਕਰ ਪੰਜਾਬੀ ਸਾਹਿਤ ਉੱਪਰ ਨਜ਼ਰ ਮਾਰੀਏ ਤਾਂ ਸਭ ਤੋਂ ਵੱਧ ਸਾਹਿਤ ਮੁਲਤਾਨੀ ਭਾਸ਼ਾ ਵਿਚ ਰਚਿਆ ਮਿਲਦਾ ਹੈ। ਡਾ. ਹਰਕੀਰਤ ਸਿੰਘ ਅਨੁਸਾਰ, "ਪੰਜਾਬੀ ਕਾਵਿ ਦਾ ਸਭ ਤੋਂ ਪੁਰਾਣਾ ਨਮੂਨਾ ਸ਼ੇਖ ਫ਼ਰੀਦ (1173 ਈ.-1226 ਈ.) ਦੀ ਬਾਣੀ ਹੈ, ਜੋ ਉਸ ਸਮੇਂ ਦੀ ਸ਼ੁੱਧ ਮੁਲਤਾਨੀ ਵਿਚ ਹੈ। ਕਿੱਸਾ ਕਾਵਿ ਵਿਚ ਸਭ ਤੋਂ ਪੁਰਾਣਾ ਕਿੱਸਾ ਹੀਰ ਦਮੋਦਰ ਹੈ ਜੋ ਮੁਲਤਾਨੀ ਵਿਚ ਹੈ।"[2] ਇਸ ਕਥਨ ਅਨੁਸਾਰ ਸਪੱਸ਼ਟ ਹੈ ਕਿ 11ਵੀਂ ਸਦੀ ਤੋਂ ਲੈ ਕੇ 16ਵੀਂ ਸਦੀ ਤੱਕ ਪੰਜਾਬੀ ਭਾਸ਼ਾ ਦੀ ਸਾਹਿਤ ਰਚਨਾ ਮੁਲਤਾਨੀ ਉਪਭਾਸ਼ਾ ਦੇ ਅਸਰ ਹੇਠ ਸੀ। ਦੂਜੇ ਪਾਸੇ ਮੁਲਤਾਨ ਦਾ ਇਲਾਕਾ ਰਾਜਨੀਤਿਕ, ਧਾਰਮਿਕ ਅਤੇ ਵਿੱਦਿਅਕ ਸਰਗਰਮੀਆਂ ਦਾ ਕੇਂਦਰ ਸੀ। ਜਿਸ ਕਾਰਨ ਇਲਾਕਾ ਵਿਸ਼ੇਸ਼ ਦੀ ਭਾਸ਼ਾ ਦਾ ਪ੍ਰਭਾਵਸ਼ਾਲੀ ਹੋਣਾ ਸੁਭਾਵਿਕ ਹੈ। ਮੁਲਤਾਨੀ ਉਪਭਾਸ਼ਾ ਦਾ ਖੇਤਰ, ਮੁਲਤਾਨ, ਝੰਗ, ਸਾਹੀਵਾਲ ਬਹਾਵਲਪੁਰ, ਮੁਜੱਫਰਗੜ੍ਹ, ਡੇਰਾ ਗਾਜ਼ੀ ਖਾਂ, ਮੀਆਂ ਵਾਲੀ, ਲਾਇਲਪੁਰ ਤੱਕ ਫੈਲਿਆ ਹੋਇਆ ਹੈ। ਰਚਨਾ ਵਿੱਚੋਂ ਪ੍ਰਾਪਤ ਉਪਭਾਸ਼ਾਈ ਅੰਸ਼ਾਂ ਦਾ ਭਾਸ਼ਾਈ ਵਿਸ਼ਲੇਸ਼ਣ ਉਦਾਹਰਨਾਂ ਸਹਿਤ ਹੇਠ ਲਿਖੇ ਅਨੁਸਾਰ ਹੈ :

ਮੁਲਤਾਨੀ, ਪੋਠੋਹਾਰੀ, ਉਪਭਾਸ਼ਾਈ ਵਿਆਕਰਨਕ ਅੰਸ਼ਾਂ ਦਾ ਵਿਸ਼ਲੇਸ਼ਣ

ਸਬੰਧਿਤ ਵਾਰਤਕ ਰਚਨਾ ਦੇ ਅਧਿਐਨ ਦੌਰਾਨ ਪੰਜਾਬੀ ਦੀ ਮੁਲਤਾਨੀ ਉਪਭਾਸ਼ਾ ਦੇ ਅੰਸ਼ ਉਘੜਵੇਂ ਰੂਪ ਵਿਚ ਸਾਹਮਣੇ ਆਉਂਦੇ ਹਨ। ਇਸ ਤੋਂ ਇਲਾਵਾ ਮਾਝੀ ਅਤੇ ਪੋਠੋਹਾਰੀ ਰੂਪ ਵੀ ਪ੍ਰਾਪਤ ਹੁੰਦੇ ਹਨ। ਮੁਲਤਾਨੀ ਪ੍ਰਭਾਵ ਜ਼ਿਆਦਾ ਉਘੜਵਾਂ ਹੈ।

ਉੱਤਮਪੁਰਖ ਬਹੁਵਚਨ ਪੜਨਾਂਵ

ਉੱਤਮਪੁਰਖ ਬਹੁਵਚਨ ਪੜਨਾਂਵ 'ਅਸੀਂ' ਦੀ ਥਾਂ ਤੇ ਮੁਲਤਾਨੀ ਉਪਭਾਸ਼ਾ ਵਿਚ 'ਅਸਾਂ' ਪੜਨਾਂਵ ਦੀ ਵਰਤੋਂ ਕੀਤੀ ਜਾਂਦੀ ਹੈ। ਬਹੁਵਚਨ ਸੂਚਕ ਪੜਨਾਂਵ ਅੰਸ਼ਾਂ ਦੇ ਸਬੰਧਕੀ ਰੂਪ ਮੁਲਤਾਨੀ ਉਪਭਾਸ਼ਾ ਵਿਚ 'ਅਸਾਡੇ', 'ਅਸਾਡੀ' ਆਦਿ ਬਣਦੇ ਹਨ।ਇਸ ਸਬੰਧੀ ਰਚਨਾ ਵਿੱਚੋਂ ਪ੍ਰਾਪਤ ਹੇਠ ਲਿਖੀਆਂ ਉਦਾਹਰਨਾਂ ਨੂੰ ਵਿਚਾਰਿਆ ਜਾ ਸਕਦਾ ਹੈ :

"ਅਸਾਂ ਨੂੰ ਲੋਕ ਹਸਦੇ ਹੈਨ। ਅਸਾਡੀ ਖੇਤੀ ਬਾਹਰਿ ਪੱਕੀ ਖੜੀ ਹੈ, ਅਰੁ ਤੂ ਉਜਾੜਿ ਨਾਹੀ।

"ਤਬਿ ਬਾਬੇ ਆਖਿਆ: 'ਜੀਉ ਅਸਾਨੂੰ ਨਿਵਾਜਸ ਹੋਈ ਹੈ।[3]

ਮੱਧਪੁਰਖ ਬਹੁਵਚਨ ਪੜਨਾਂਵ:

ਮੁਲਤਾਨੀ ਉਪਭਾਸ਼ਾ ਵਿਚ ਮੱਧਮ ਪੁਰਖ ਇਕਵਚਨ ਸੂਚਕ ਪੜਨਾਂਵ 'ਤੈਂ', 'ਤੁਧ', ਦੀ ਵਰਤੋਂ 'ਤੂੰ' ਤੇਰਾ ਦੇ ਸਥਾਨ ਤੇ ਕੀਤੀ ਜਾਂਦੀ ਹੈ। 'ਤੈਂ' ਦਾ ਬਹੁਵਚਨ ਰੂਪ 'ਤੁਸਾਂ' ਵਰਤਿਆ ਜਾਂਦਾ ਹੈ ਅਤੇ 'ਤੁਸਾਂ ਪੜਨਾਂਵ ਤੋਂ ਸਬੰਧਕੀ ਰੂਪ ਤੁਸਾਡੇ ਆਦਿ ਬਣਾਏ ਜਾਂਦੇ ਹਨ।

"ਪੀਰ ਜੀ ਸਲਾਮਤਿ! ਆਈਐ, ਖੁਦਾਇ ਅਸਾਨੂੰ ਮਿਹਰਵਾਨੁ ਹੋਆ, ਤੁਸਾਡਾ ਦੀਦਾਰ ਪਾਇਆ।"

"ਤਬ ਪੀਰ ਆਖਿਆ: ਬੱਚਾ! ਕੋਈ ਤੈਂ ਬੀ ਬੈਂਤ ਸਿਖਿਆ।"[4]

"ਮਰਦਾਨਿਆ! ਤੁਧ ਬੁਰਾ ਕੀਤਾ ਸੀ ਜੋ ਮੁਹਿ ਪਾਇ ਸਨਿ .....ਹਉਂ ਕਿਉਂ ਕਰ ਤੁਧ ਨਾਲ ਰਹਾਂ? ਅਸਾਂ ਨੂੰ ਵਿਦਾ ਕਰਿ।"[5]

ਪੜਨਾਂਵੀ ਪਿਛੇਤਰਾਂ ਦੀ ਵਰਤੋਂ

ਸੰਯੋਗਾਤਮਿਕਤਾ ਦੇ ਪੱਖੋਂ ਮੁਲਤਾਨੀ ਉਪਭਾਸ਼ਾ ਸਾਰੀਆਂ ਉਪਭਾਸ਼ਾਵਾਂ ਤੋਂ ਵੱਧ ਸੰਯੋਗਾਤਮਿਕ ਬੋਲੀ ਹੈ। ਮੁਲਤਾਨੀ ਉਪਭਾਸ਼ਾ ਵਿਚ ਪੜਨਾਂਵੀ ਪਿਛੇਤਰਾਂ ਦੀ ਵਰਤੋਂ ਸੰਯੋਗਾਤਮਿਕਤਾ ਦਾ ਮੁੱਖ ਲੱਛਣ ਹੈ। ਜਦ ਕਿਰਿਆ ਸ਼ਬਦਾਂ ਨਾਲ ਪਿਛੇਤਰ ਦੀ ਵਰਤੋਂ ਕਰਕੇ ਪੜਨਾਵਾਂ ਦਾ ਕੰਮ ਲਿਆ ਜਾਂਦਾ ਹੈ ਤਾਂ ਉਸਨੂੰ ਪੜਨਾਂਵੀ ਪਿਛੇਤਰ ਕਿਹਾ ਜਾਂਦਾ ਹੈ। ਮੁਲਤਾਨੀ ਉਪਭਾਸ਼ਾ ਵਿਚ ਪੜਨਾਂਵੀ ਪਿਛੇਤਰਾਂ ਦੀ ਵਰਤੋਂ ਆਮ ਗੱਲ ਹੈ। ਡਾ.

ਹਰਕੀਰਤ ਸਿੰਘ ਅਨੁਸਾਰ "ਪੜਨਾਂਵੀ ਪਿਛੇਤਰ ਸਭ ਤੋਂ ਵੱਧ ਸਿੰਧੀ ਵਿਚ ਵਰਤੇ ਜਾਂਦੇ ਹਨ। ਪੁਰਾਣੀ ਮੁਲਤਾਨੀ ਵਿਚ ਇਨ੍ਹਾਂ ਪਿਛੇਤਰਾਂ ਦੀ ਮਾਤਰਾ ਬਹੁਤ ਸੀ, ਅਜੇ ਤੱਕ ਵੀ ਇਹ ਮੁਲਤਾਨੀ ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ।"[6] ਪੁਰਾਤਨ ਜਨਮਸਾਖੀ ਵਿਚ ਆਦਿ ਤੋਂ ਅੰਤ ਤੱਕ ਪੜਨਾਂਵੀ ਪਿਛੇਤਰਾਂ ਦੀ ਭਰਪੂਰ ਵਰਤੋਂ ਪ੍ਰਾਪਤ ਹੁੰਦੀ ਹੈ।

ਤਬਿ ਬਾਬੇ ਦੀ ਇਸਤ੍ਰੀ ਲਗੀ ਬੈਰਾਗੁ ਕਰਣੇ। ਆਖਿਓਸੁ: 'ਜੀ ਤੂੰ ਅਸਾਂ ਜੋਗਿ ਅਗੈ ਨਾਹਿ ਸੀ ਮੁਹਿ ਲਾਇਦਾ...ਤਬਿ ਓਨਿ ਫਿਰਿ ਬੇਨਤੀ ਕੀਤੀਅਸੁ, 'ਜੋ ਜੀ ਤੁਸੀ ਘਰਿ ਬੈਠੇ ਆਹੇ, ਤਾਂ ਮੇਰੇ ਭਾਣੇ ਸਾਰੇ ਜਹਾਨ ਦੀ ਪਾਤਸਾਹੀ ਹੋਂਦੀਆ।''[7]

ਭੂਤ ਕਿਰਦੰਤ

ਭੂਤ ਕਿਰਦੰਤ ਬਣਾਉਣ ਲਈ ਮੁਲਤਾਨੀ ਵਿਚ /ਤਾ/ਅਤੇ/ਠਾ/ਅੰਤਕ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਪ੍ਰਾਚੀਨ ਪ੍ਰਾਕ੍ਰਿਤ ਰੂਪ ਹਨ। ਟਕਸਾਲੀ ਪੰਜਾਬੀ ਵਿਚ ਭੂਤ ਕਿਰਦੰਤ ਦਾ ਰੂਪ/ਇਆ/ਅੰਤਕ ਹੈ। ਡਾ. ਹਰਕੀਰਤ ਸਿੰਘ ਅਨੁਸਾਰ "ਪਰ ਮੁਲਤਾਨੀ ਵਿਚ ਅਜੇ ਬਹੁਤ ਸਾਰੇ ਪ੍ਰਾਕ੍ਰਿਤ ਵਾਲੇ ਭੂਤ ਕਿਰਦੰਤ ਵੀ ਪ੍ਰਚੱਲਿਤ ਹਨ ਜਿਵੇਂ ਕਮੱਤਾ (ਕਮਾਇਆ), ਨੱਠਾ (ਭੱਜਿਆ), ਵੁੱਠਾ (ਵਰਿਆ), ਵੇਖਿਆ(ਡਿੱਠਾ)ਆਦਿ"|[8]

"ਤਬਿ ਸੇਖੁ ਬਿਰਾਹਮੁ ਸੁਖਵਾਸਣਿ ਚੜਿ ਚਲਿਆ, ਕਮਾਲੁ ਨਾਲਿ ਲੀਤਾ।" "ਦਰੀਅਉ ਵਿਚੁ ਨਿਕਲਿਆ ਤਬ ਲੋਕਾਂ ਡਿੱਠਾ।"[9]

ਭਵਿੱਖ ਕਾਲ ਦਾ ਰੂਪ

'ਪੁਰਾਤਨ ਜਨਮਸਾਖੀ' ਵਿਚ ਭਵਿੱਖ ਕਾਲ ਸੂਚਕ ਕਿਰਿਆ ਰੂਪ ਲਗਭਗ ਮੁਲਤਾਨੀ, ਪੋਠੋਹਾਰੀ ਉਪਭਾਸ਼ਾ ਵਾਲੇ ਹਨ। ਮਾਝੀ ਭਾਸ਼ਾ ਦੇ /ਗ/ਅੰਤਕ ਕਿਰਿਆ ਰੂਪ ਵੀ ਪ੍ਰਾਪਤ ਹਨ ਪਰੰਤੂ ਘੱਟ ਪ੍ਰਯੋਗ ਪ੍ਰਾਪਤ ਹੁੰਦਾ ਹੈ। ਭਵਿੱਖ ਕਾਲ ਦੀ ਕਿਰਿਆ ਦਾ ਰੂਪ ਮੁਲਤਾਨੀ ਉਪਭਾਸ਼ਾ ਵਿਚ ਹੋਰਨਾਂ ਉਪਭਾਸ਼ਾਵਾਂ ਤੋਂ ਬਿਲਕੁਲ ਵੱਖਰਾ ਹੈ। ਈ.ਓ. ਬਰਾਇਨ ਅਨੁਸਾਰ "ਮਾਝੀ ਉਪਭਾਸ਼ਾ ਜਾਂ ਮਲਵਈ ਉਪਭਾਸ਼ਾ ਵਿਚ ਭਵਿੱਖਕਾਲ ਦੀ ਕਿਰਿਆ 'ਗਾ, ਗੇ, ਗੀ' ਅੰਤਕ ਨਾਲ ਬਣਦੀ ਹੈ, ਮੁਲਤਾਨੀ ਵਿਚ ਇਸ ਦਾ ਰੂਪ 'ਸਾ, ਸੇ, ਸੀ ਹੈ।"[10]

ਪੁਰਾਤਨ ਜਨਮਸਾਖੀ ਵਿਚੋਂ ਪ੍ਰਾਪਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ :

"ਬੇਟਾ ਜੇਕਰ ਤੂੰ ਉਦਾਸ ਹੋਇ ਕਰ ਜਾਸੀ, ਤਾਂ ਸਭ ਕੋਈ ਆਖਸੀ, ਜੋ ਕਾਲੂ ਦਾ ਪੁਤ੍ਰ ਫਕੀਰ ਹੋਇ ਗਇਆ, ਲੋਕ ਮੇਹਣੇ ਦੇਸਨ।"[11]

"ਜੇ ਤੁਧੁ ਭਾਵਸੀ, ਤਾਂ ਅਗਲੀ ਫਸਲੀ ਤੈਨੂੰ ਨਵੇਕਲੀ ਖੇਤੀ ਵਾਹਿ ਦੇਸਾਂ ਹੇ। ਦਿਖਾ ਤੂ ਕਿਉ ਕਰਿ ਪਕਾਇ ਖਾਵਿਸੀ।"[12]

ਪੋਠੋਹਾਰੀ ਉਪਭਾਸ਼ਾਈ ਅੰਸ਼

ਪੋਠੋਹਾਰੀ ਪੱਛਮੀ ਪੰਜਾਬ ਦੀ ਉਪਭਾਸ਼ਾ ਹੈ। ਪੋਠੋਹਾਰੀ ਪਾਕਿਸਤਾਨ ਦੇ ਜਿਹਲਮ ਤੇ ਰਾਵਲਪਿੰਡੀ ਦੇ ਜ਼ਿਲ੍ਹਿਆਂ ਵਿਚ ਬੋਲੀ ਜਾਂਦੀ ਹੈ। 'ਪੁਰਾਤਨ ਜਨਮਸਾਖੀ' ਵਿਚ ਭੂਤਕਾਲ ਦੀ ਸਹਾਇਕ ਕਿਰਿਆ ਰੂਪ ਉਪਰ ਪੋਠੋਹਾਰੀ ਉਪਭਾਸ਼ਾਈ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। ਰਚਨਾ ਵਿਚੋਂ ਪ੍ਰਾਪਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

"ਤਬ ਕਾਲੂ ਖੱਤ੍ਰੀ ਜਾਤ ਵੇਦੀ ਤਲਵੰਡੀ ਰਾਇ ਭੋਇ ਭੱਟੀ ਕੀ ਵਸਦੀ ਵਿਚ ਵਸਦਾ ਆਹਾ।"[13]

"ਯਾਰੋ ਇਹੁ ਤਾਂ ਦਰਿਆਈ ਵਿਚ ਪਇਆ ਆਹਾ, ਏਹੁ ਕਿਥੁ ਪੈਦਾ ਹੋਇਆ।"[14]

ਉਪਰੋਕਤ ਵਰਣਿਤ ਵਿਆਕਰਨਕ ਅੰਸ਼ਾਂ ਤੋਂ ਇਲਾਵਾ ਮੁਲਤਾਨੀ/ਪੋਠੋਹਾਰੀ ਉਪਭਾਸ਼ਾਵਾਂ ਦੀ ਠੇਠ ਸ਼ਬਦਾਵਲੀ ਵੀ ਰਚਨਾ ਵਿਚੋਂ ਪ੍ਰਾਪਤ ਹੁੰਦੀ ਹੈ ਜਿਵੇਂ : ਘਿੰਨ, ਵੱਤ, ਘੱਤਸੀ, ਕੁੱਠਾ, ਵੁੱਠਾ, ਲੀਤਾ, ਵੈਂਦਾ, ਰਵਦਾ, ਡਿੱਠਾ, ਹਿਕ, ਘਿਧੀ, ਹੁਟਿ, ਲਧਾ, ਡੇਰਾ, ਚੁਪਾਤੋ, ਸੁਟਿ, ਘਤਿ ਲੀਤੀਆ, ਕਰਸੀ, ਪੈਂਡਾ ਆਦਿ।

ਹਿੰਦਵੀ ਭਾਸ਼ਾ ਵੰਨਗੀਆਂ ਦੇ ਸੰਦਰਭ ਵਿਚ ਵਿਆਕਰਨਕ ਵਿਸ਼ਲੇਸ਼ਣ

ਰਚਨਾ ਦੀ ਸ਼ਬਦਾਵਲੀ, ਧੁਨੀਆਤਮਕ ਅਤੇ ਵਿਆਕਰਨ ਅੰਸ਼ ਵਾਰਤਕ ਰਚਨਾ ਵਿਚ ਹਿੰਦਵੀ ਭਾਸ਼ਾਈ ਅੰਸ਼ਾਂ ਦੀ ਵੀ ਨਿਸ਼ਾਨਦੇਹੀ ਕਰਦੇ ਹਨ। 'ਪੁਰਾਤਨ ਜਨਮਸਾਖੀ' ਵਿਚ ਬ੍ਰਜ, ਖੜੀ ਬੋਲੀ ਆਦਿ ਨਾਲ ਸਬੰਧਿਤ ਪੜਨਾਂਵ, ਕਿਰਦੰਤ, ਕਿਰਿਆ ਵਿਸ਼ੇਸ਼ਣ, ਕਾਰਕੀ ਪਰਸਰਗ ਅਤੇ ਕਿਰਿਆਵੀ ਰੂਪ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਦਾ ਅਧਿਐਨ—ਵਿਸ਼ਲੇਸ਼ਣ ਹੇਠ ਲਿਖੇ ਅਨੁਸਾਰ ਹੈ।

ਪੜਨਾਂਵ

ਪੜਨਾਂਵ ਦੇ ਪੱਖ ਤੋਂ 'ਪੁਰਾਤਨ ਜਨਮਸਾਖੀ' ਵਿਚ ਬ੍ਰਜ ਭਾਸ਼ਾ ਦੇ ਉੱਤਮ ਪੁਰਖਵਾਚਕ ਪੜਨਾਂਵੀ ਰੂਪ 'ਹਮ' ਦੀ ਵਰਤੋਂ ਪ੍ਰਾਪਤ ਹੁੰਦੀ ਹੈ। ਖੜੀ ਬੋਲੀ ਦੀ ਵੰਨਗੀ 'ਮੁਝੇ' ਦੀ ਵਰਤੋਂ ਵੀ ਪ੍ਰਾਪਤ ਹੁੰਦੀ ਹੈ।

"ਕੂੜਾ ਨੇਹੁ ਕਿਸ ਸੋ ਕਰਉ, ਹਮ ਭੀ ਉਠਿ ਜਾਹਿੰਗੇ।[15] ਹੇ ਪੰਡਤਾ ! ਜੇ ਇਹ ਲੇਖਾ ਪੜ੍ਹਿਆ ਹੈ ਤਾਂ ਪੜ੍ਹ ਅਰ ਮੁਝ ਕਉ ਭੀ ਪੜਾਇ।"[16]

ਉੱਤਮਪੁਰਖ ਸੰਬੰਧਵਾਚਕ ਪੜਨਾਂਵ 'ਮੁਝੇ' ਹਿੰਦਵੀ ਭਾਸ਼ਾ ਵੰਨਗੀ 'ਖੜੀ ਬੋਲੀ' ਨਾਲ ਸਬੰਧ ਰੱਖਦਾ ਹੈ। ਡਾ. ਧੀਰੇਂਦਰ ਵਰਮਾ ਅਨੁਸਾਰ,

"खड़ी बोली तथा बांगरू में मुझ तथा मज्विशेष रूप हैं जो इन्हीं बोलीयों में मिलते हैं।"[17]

ਕਿਰਦੰਤ

"ਕਿਰਦੰਤ ਕਿਰਿਆ ਦੇ ਉਸ ਰੂਪ ਨੂੰ ਕਹਿੰਦੇ ਹਨ ਜੋ ਕਿਰਿਆ ਦੇ ਬਜਾਏ ਕਿਸੇ ਹੋਰ ਸ਼ਬਦ ਸ਼੍ਰੇਣੀ ਵਜੋਂ ਵਰਤਿਆ ਜਾਵੇ।"[18]

ਪੁਰਾਤਨ ਜਨਮਸਾਖੀ ਵਿਚ 'ਵਰਤਮਾਨ ਕਿਰਦੰਤ' ਤਕਰੀਬਨ ਹਿੰਦਵੀ ਭਾਸ਼ਾ ਦੀ ਵੰਨਗੀ ਖੜੀ ਬੋਲੀ ਵਾਲਾ ਹੀ ਪ੍ਰਯੋਗ ਕੀਤਾ ਗਿਆ ਹੈ ਅਤੇ ਪੂਰੀ ਰਚਨਾ ਵਿਚ ਸਬੰਧਿਤ ਵਿਆਕਰਨਕ ਰੂਪ ਦਾ ਭਰਪੂਰ ਪ੍ਰਯੋਗ ਹੋਇਆ ਹੈ। ਹਿੰਦਵੀ ਭਾਸ਼ਾ ਵਿਚ ਵਰਤਮਾਨ ਕਿਰਦੰਤ /ਤ/ ਅੰਤਕ ਬਣਦਾ ਹੈ ਜਿਵੇਂ ਕਰਤੇ, ਜਾਤੇ ਆਦਿ ਜਦਕਿ ਪੰਜਾਬੀ ਭਾਸ਼ਾ ਵਿਚ /ਦ/ ਅੰਤਕ ਹੁੰਦਾ ਹੈ ਜਿਵੇਂ ਕਰਦੇ, ਜਾਂਦੇ ਆਦਿ ਹੈ। ਡਾ. ਧੀਰੇਂਦਰ ਵਰਮਾ ਅਨੁਸਾਰ,

"प्राचीन ब्रज में पुलिंग तथा स्त्रीलिंग दोनों में वर्तमानकालिक कृदन्त के रूप व्यंजनान्त धातुअओं में-अत लगा कर बनाए जाते हैं, जैसे 'सेवत' तथा स्वारान्त धातुओं में-त लगाकर बनाए जाते हैं जैसे-जात,खात। खड़ी बोली मेम पंजाबी की भांति-ता रूप प्रचलित है।"[19]

ਜਨਮਸਾਖੀ ਵਿਚੋਂ ਪ੍ਰਾਪਤ ਉਦਾਹਰਨਾਂ ਇਸ ਪ੍ਰਕਾਰ ਹਨ :

"ਏਹੁ ਜੋ ਪਰਮੇਸਰ ਕਾ ਨਾਮ ਲੇਤੇ ਹੈਂ ਤਿਨ ਕਉ ਤਾ ਕੋਈ ਜਾਣਤਾ ਨਹੀਂ।....ਅਰੁ ਜੋ ਈਹਾਂ ਸੁਖ ਕਰਤੇ ਹੈਂ, ਪਰਮੇਸਰ ਨਹੀਂ ਸਿਮਰਤੇ.... ਉਨ ਕਉ ਐਸੀ ਸਜਾਇ ਮਿਲੈਗੀ, ਜੈਸੀ ਕਪੜੇ ਕਉ ਧੋਬੀ ਦੇਤਾ ਹੈ।"[20]

ਕਿਰਿਆ ਵਿਸ਼ੇਸ਼ਣ

ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲੀ ਅਵਿਕਾਰੀ ਸ਼ਬਦ ਸ਼੍ਰੇਣੀ ਕਿਰਿਆ ਵਿਸ਼ੇਸ਼ਣ ਅਖਵਾਉਂਦੀ ਹੈ। ਕਿਰਿਆ ਵਿਸ਼ੇਸ਼ਣ ਦੀਆਂ ਕਈ ਕਿਸਮਾਂ ਹਨ ਜਿਵੇਂ: ਸਥਾਨ ਸੂਚਕ, ਸਮਾ ਸੂਚਕ, ਦਿਸ਼ਾ ਸੂਚਕ, ਵਿਧੀ ਵਾਚਕ, ਗਿਣਤੀਵਾਚਕ, ਮਾਤਰਾ ਵਾਚਕ, ਕ੍ਰਮ ਬੋਧਕ, ਕਾਰਨ ਬੋਧਕ, ਨਿਸ਼ਚੇ ਬੋਧਕ ਆਦਿ : ਪੁਰਾਤਨ ਜਨਮਸਾਖੀ ਵਿਚ ਹਿੰਦਵੀ ਭਾਸ਼ਾਵਾਂ ਦੇ ਸਥਾਨ ਸੂਚਕ, ਵਿਧੀ ਵਾਚਕ ਅਤੇ ਸਮਾਂ ਸੂਚਕ ਕਿਰਿਆ ਵਿਸ਼ੇਸ਼ਣ ਦੀ ਵਰਤੋਂ ਵਧੇਰੇ ਮਾਤਰਾ ਵਿਚ ਪ੍ਰਾਪਤ ਹੁੰਦੀ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ 'ਪੁਰਾਤਨ ਜਨਮਸਾਖੀ' ਵਿਚ ਹਿੰਦਵੀ ਭਾਸ਼ਾ ਦੀ ਵੰਨਗੀ ਬ੍ਰਜ ਭਾਸ਼ਾ ਦੇ ਰੂਪਾਂ ਦੀ ਵਰਤੋਂ ਪ੍ਰਾਪਤ ਹੁੰਦੀ

ਹੈ। ਬ੍ਰਜ ਭਾਸ਼ਾ ਦੇ ਨਿਖੜਵੇਂ ਕਿਰਿਆ ਵਿਸ਼ੇਸ਼ਣੀ ਸ਼ਬਦ ਰੂਪਾਂ ਦੀ ਪਛਾਣ ਸੰਬੰਧੀ ਡਾ. ਧੀਰੇਂਦਰ ਵਰਮਾ ਦਾ ਕਥਨ ਵਿਚਾਰਨਯੋਗ ਹੈ।

"निम्नलिखित कालवाचक क्रिया विशेषण आधुनिक तथा प्राचीन दोनों ब्रज भाषाओं में अधिक प्रयुक्त होते हैं: अब, आगै, आज, आजु, जब, जौलौं, फेर, फिरि, पीछे, पाछै, तब, तौ। निम्ननलिखित स्थानवाचक क्रियाविशेषण रूप प्राचीन ब्रज में मिलते हैं: अनु, इत, जित, कित, तित, उत, निकट, सामूहे। '[21]

"ਜੀ ਅਸਾਡੀ ਗਤਿ ਕਿਤ ਬਿਧ ਹੋਵੈ।" ਤਬਿ ਓਹੁ ਆਇ ਪੈਰੀ ਪਈਆਂ।"[22]

ਸਮਾਂ ਸੂਚਕ ਕਿਰਿਆ ਵਿਸ਼ੇਸ਼ਣ

"ਜਬ ਬਾਬੇ ਏਹੇ ਸਬਦੁ ਮਿਲਿਆ ਤਾਂ ਮੀਰਖਾਨੁ ਮੁਗਲ ਆਇ ਗਇਆ।....ਤਬ ਸੁਲਤਾਨ ਬਾਬਰ ਪਾਤਿਸਾਹ ਨੂੰ ਖਬਰਿ ਕੀਤੀ, ਤਬ ਰਾਜੇ ਪੁਛਿਆ, ਜੋ ਰੇ ਬਾਣੀਏ! ਤੂੰ ਹਿੰਦੂ ਹੈਂ ਤੂੰ ਬਰਤ ਨੇਮ ਪੂਜਾ ਨਹੀਂ ਕਰਤਾ।"

ਕਾਰਕੀ ਪਰਸਰਗ

ਕਾਰਕ ਇੱਕ ਅਜਿਹੀ ਮਹੱਤਵਪੂਰਨ ਵਿਆਕਰਨਕ ਸ਼੍ਰੇਣੀ ਹੈ ਜਿਸ ਦੁਆਰਾ ਵਾਕ ਵਿਚ ਵਿਚਰਨ ਵਾਲੇ ਤੱਤਾਂ ਦੇ ਵਾਕਾਤਮਕ ਸੰਬੰਧਾਂ ਦਾ ਬੋਧ ਪ੍ਰਾਪਤ ਹੁੰਦਾ ਹੈ। ਸਬੰਧਿਤ ਵਾਰਤਕ ਰਚਨਾ ਉਪਰ ਕਾਰਕੀ ਪਰਸਰਗਾਂ ਦੇ ਪੱਖ ਤੋਂ ਲਗਭਗ ਹਿੰਦਵੀ ਭਾਸ਼ਾ ਵੰਨਗੀ ਬ੍ਰਜ ਭਾਸ਼ਾ ਦਾ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। ਪੁਰਾਤਨ ਜਨਮਸਾਖੀ ਵਿਚ ਸਬੰਧ ਕਾਰਕ 'ਕਾ, ਕੇ, ਕੀ ਦੀ ਵਰਤੋਂ ਪ੍ਰਾਪਤ ਹੁੰਦੀ ਹੈ | ਰਚਨਾ ਵਿਚੋਂ ਪ੍ਰਾਪਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ :

"ਦੌਲਤ ਖਾਨ ਕਾ ਮੋਦੀ ਤੇਰਾ ਬਹਿਣੋਈ ਹੈ। "ਅਨਹਦ ਸ਼ਬਦ ਪਰਮੇਸ਼ਰ ਕੇ ਦਰਬਾਰ ਵਾਜੇ।"[23]

"ਜਬ ਬਾਬਾ ਬਰਸਾਂ ਪੰਜਾਂ ਕਾ ਹੋਇਆ"[24] "ਤਬ ਬਾਬੇ ਕਹਿਆ 'ਖਾਨ ਜੀ! ਮੈਂ ਕਾਜੀ ਕੀ ਕਿਆ ਪਰਵਾਹ ਪਰੀ ਹੈ, ਪਰੁ ਕਾਜੀ ਕੀ ਨਿਵਾਜ ਕਬੂਲੁ ਨਾਹੀ ਪਾਈ।"[25]

ਭੂਤਕਾਲ ਸੂਚਕ ਸਹਾਇਕ ਕਿਰਿਆ ਰੂਪ

"ਜਬ ਇਹ ਵਸਤੁ ਨਹੀਂ ਥੀ, ਤਬ ਪਰਮੇਸੁਰੁ ਕਹਾਂ ਥਾ। ਜਿਸ ਦੀ ਤੂ ਬਾਸਨਾ ਕਰਦਾ ਥਾ, ਓਹੀ ਤੇਰਾ ਗੁਰੂ ਥਾ।"[26]

ਉਪਰੋਕਤ ਵਿਚਾਰ ਚਰਚਾ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਪੰਜਾਬੀ ਵਾਰਤਕ ਦਾ ਆਰੰਭ ਪੁਰਾਤਨ ਜਨਮਸਾਖੀ ਤੋਂ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਪੁਰਾਤਨ

ਜਨਮਸਾਖੀ 16ਵੀਂ ਸਦੀ ਦੀ ਪੰਜਾਬੀ ਭਾਸ਼ਾ ਦਾ ਲਿਖਤ ਦਸਤਾਵੇਜ਼ ਹੈ। ਖੋਜ—ਪੱਤਰ ਵਿਚ 'ਪੁਰਾਤਨ ਜਨਮਸਾਖੀ' ਦੇ ਭਾਸ਼ਾਈ ਵਿਸ਼ਲੇਸ਼ਣ ਦੁਆਰਾ ਜੋ ਸਿੱਟੇ ਸਾਹਮਣੇ ਆਉਂਦੇ ਹਨ ਉਹ ਹੇਠ ਲਿਖੇ ਅਨੁਸਾਰ ਹਨ :

1. 16ਵੀਂ ਸਦੀ ਦੀ ਪੰਜਾਬੀ ਵਾਰਤਕ ਦੀ ਭਾਸ਼ਾ ਉਪਰ ਹਿੰਦਵੀ ਭਾਸ਼ਾਈ ਵੰਨਗੀਆਂ ਬ੍ਰਜ ਭਾਸ਼ਾ, ਖੜੀ ਬੋਲੀ ਦਾ ਬਹੁਤ ਜ਼ਿਆਦਾ ਪ੍ਰਭਾਵ ਹੈ।

2. ਉਪਭਾਸ਼ਾਈ ਪੱਖ ਤੋਂ ਵਿਆਕਰਨਕ ਵਿਸ਼ਲੇਸ਼ਣ ਦੁਆਰਾ ਇਹ ਸਿੱਧ ਹੁੰਦਾ ਹੈ ਕਿ ਪੰਜਾਬੀ ਭਾਸ਼ਾ ਦੀ ਵਾਰਤਕ ਉਪਰ ਪੰਜਾਬੀ ਭਾਸ਼ਾ ਦੀ ਮੁਲਤਾਨੀ ਭਾਸ਼ਾ ਦਾ ਪ੍ਰਭਾਵ ਉਘੜਵਾਂ ਹੈ ਅਤੇ ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ16ਵੀਂ ਸਦੀ ਦੀ ਪੰਜਾਬੀ ਵਾਰਤਕ ਪੰਜਾਬੀ ਅਤੇ ਹਿੰਦਵੀ ਉਪਭਾਸ਼ਾਵਾਂ ਦਾ ਮਿਲਿਆ ਜੁਲਿਆ ਰੂਪ ਹੈ।

3.ਪੜਨਾਂਵੀ ਪਿਛੇਤਰਾਂ ਦੇ ਪੱਖ ਤੋਂ ਮੁਲਤਾਨੀ ਭਾਸ਼ਾ ਦਾ ਭਰਪੂਰ ਪ੍ਰਭਾਵ ਹੈ। ਭਵਿੱਖ ਕਾਲ ਸੂਚਕ ਕਿਰਿਆ ਰੂਪ ਮੁਲਤਾਨੀ ਵਾਲੇ ਹਨ। ਅੰਸ਼ਕ ਰੂਪ ਵਿਚ ਪੋਠੋਹਾਰੀ ਉਪਭਾਸ਼ਾ ਦਾ ਪ੍ਰਭਾਵ ਵੀ ਪ੍ਰਾਪਤ ਹੁੰਦਾ ਹੈ।

4. ਵਰਤਮਾਨ ਕਿਰਦੰਤ ਰੂਪ ਅਤੇ ਸੰਬੰਧ ਕਾਰਕੀ ਪਰਸਰਗ ਰੂਪਾਂ ਉਪਰ ਲਗਭਗ ਖੜੀ ਬੋਲੀ ਅਤੇ ਬ੍ਰਜ ਭਾਸ਼ਾ ਦਾ ਪ੍ਰਭਾਵ ਪ੍ਰਾਪਤ ਹੁੰਦਾ ਹੈ।

5. ਪੜਨਾਂਵੀ ਰੂਪ ਵਿਚ ਹਉਂ, ਤੁਧ, ਤੈਂ, ਤੂੰ, ਤੁਸਾਂ, ਤੁਸਾਡੇ, ਅਸਾਂ, ਅਸਾਨੂੰ, ਅਸਾਡੀ, ਮੁਝਕੋ, ਹਮਾਰੈ, ਮਿਲੇ-ਜੁਲੇ ਹਿੰਦਵੀ ਰੂਪ ਪ੍ਰਾਪਤ ਹੁੰਦੇ ਹਨ।

6. ਸ਼ਬਦਾਵਲੀ ਪੱਖ ਤੋਂ ਪੰਜਾਬੀ ਸ਼ਬਦਾਵਲੀ ਤੋਂ ਇਲਾਵਾ ਸੰਸਕ੍ਰਿਤ ਭਾਸ਼ਾ ਦੀ ਤਤਸਮ ਅਤੇ ਤਦਭਵ ਦੋਨੋਂ ਪ੍ਰਕਾਰ ਦੀ ਸ਼ਬਦਾਵਲੀ ਪ੍ਰਾਪਤ ਹੁੰਦੀ ਹੈ।

ਇਸ ਤੋਂ ਇਲਾਵਾ 16ਵੀਂ ਸਦੀ ਦੀ ਪੰਜਾਬੀ ਵਾਰਤਕ ਅਰਬੀ—ਫ਼ਾਰਸੀ ਭਾਸ਼ਾ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੈ ਅਰਬੀ—ਫ਼ਾਰਸੀ ਭਾਸ਼ਾ ਦੀ ਸ਼ਬਦਾਵਲੀ ਵੀ ਤਤਸਮ ਅਤੇ ਤਦਭਵ ਦੋਨਾਂ ਰੂਪਾਂ ਵਿਚ ਪ੍ਰਾਪਤ ਹੁੰਦੀ ਹੈ ਪਰੰਤੂ ਤਤਸਮ ਨਾਲੋਂ ਤਦਭਵ ਰੂਪ ਜ਼ਿਆਦਾ ਪ੍ਰਾਪਤ ਹੁੰਦੇ ਹਨ। ਅਰਬੀ-ਫ਼ਾਰਸੀ ਦਾ ਤਦਭਵ ਉਚਾਰਨ ਬਿਲਕੁਲ ਆਮ ਲੋਕਾਈ ਦਾ ਉਚਾਰਨ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਵੇਂ ਬਹਿਸ਼ਤ-ਭਿਸਤ, ਨਜ਼ਦੀਕ-ਨਜ਼ੀਕ, ਖਿਦਮਤ-ਖਿਜ਼ਮਤ, ਨਜ਼ਰ-ਨਦਿਰ, ਸਿਫਾਰਸ਼-ਸੁਪਾਰਸ ਆਦਿ। 16ਵੀਂ ਸਦੀ ਦੀ ਪੰਜਾਬੀ ਵਾਰਤਕ ਵਿਸ਼ੇ ਪੱਖ ਤੋਂ ਜਿਥੇ ਅਧਿਆਤਮ, ਗੂੜ੍ਹ ਦਰਸ਼ਨ ਦੀ ਵਿਆਖਿਆ ਕਰਦੀ ਹੈ ਉਥੇ ਪ੍ਰਗਟਾਵੇ ਦੇ ਪੱਧਰ ਤੇ ਲੋਕ-ਪੱਧਰ ਅਤੇ ਲੋਕ-ਉਚਾਰਨ ਦੇ ਵਧੇਰੇ ਨਜ਼ਦੀਕ ਹੈ।

## ਹਵਾਲੇ ਅਤੇ ਟਿੱਪਣੀਆਂ

1. ਜੱਗੀ, ਰਤਨ ਸਿੰਘ. ਪੁਰਾਤਨ ਪੰਜਾਬੀ ਵਾਰਤਕ (ਸਰੂਪ ਅਤੇ ਸਮੀਖਿਆ). 2008:22.
2. ਹਰਕੀਰਤ ਸਿੰਘ. ਪੰਜਾਬੀ ਦੁਨੀਆ. 1960: 14.
3. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:32.
4. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:98.
5. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:90.
6. ਹਰਕੀਰਤ ਸਿੰਘ. ਪੰਜਾਬੀ ਦੁਨੀਆ. 1977: 17.
7. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:31.
8. ਹਰਕੀਰਤ ਸਿੰਘ. ਪੰਜਾਬੀ ਦੁਨੀਆ. 1977: 19.
9. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:41.
10. O' Brine, E. Glossary of the Multani Language. 1909:4.
11. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:31.
12. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:35.
13. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:20.
14. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:41.
15. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:25.
16. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:24.
17. वर्मा, धीरेन्द्र. ब्रज भाषा.1954L21^22H
18. ਹਰਕੀਰਤ ਸਿੰਘ. ਪੰਜਾਬੀ ਦੁਨੀਆ. 1977: 17.
19. वर्मा, धीरेन्द्र. ब्रज भाषा.1954:21-22
20. ਭਾਈ ਵੀਰ ਸਿੰਘ, ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:98.
21. वर्मा, धीरेन्द्र. ब्रज भाषा. 1954L21H
22. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:48.
23. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:49.
24. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:25.
25. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:45.
26. ਭਾਈ ਵੀਰ ਸਿੰਘ. ਪੁਰਾਤਨ ਜਨਮਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ). 2014:154.